BCM SCHOOL BASANT. AVENUE. LUDHIANA
ASSIGNMENT - August ,2026
CLASS- 6
SUBJECT- PUNJABI(Answer key)

1 **ਅਣਡਿੱਠਾ ਪੈਰ੍ਹਾ**

ਅਨੁਸ਼ਾਸਨ ਮਨੁੱਖੀ ਜੀਵਨ ਦੀ ਸਫਲਤਾ ਦਾ ਮਹੱਤਵਪੂਰਨ ਅਧਾਰ ਹੈ। ਜਿਸ ਤਰ੍ਹਾਂ ਇੱਕ ਇਮਾਰਤ ਨੂੰ ਮਜ਼ਬੂਤ ਬਣਾਉਣ ਲਈ ਨੀਂਹ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਜੀਵਨ ਨੂੰ ਸੁਚੱਜਾ ਅਤੇ ਸਫਲ ਬਣਾਉਣ ਲਈ ਅਨੁਸ਼ਾਸਨ ਜ਼ਰੂਰੀ ਹੈ। ਅਨੁਸ਼ਾਸਨ ਦਾ ਅਰਥ ਸਿਰਫ਼ ਨਿਯਮਾਂ ਦੀ ਪਾਲਣਾ ਕਰਨਾ ਹੀ ਨਹੀਂ, ਸਗੋਂ ਆਪਣੇ ਸਮੇਂ, ਕੰਮਾਂ ਅਤੇ ਵਿਹਾਰ ਨੂੰ ਸਹੀ ਢੰਗ ਨਾਲ ਨਿਯੰਤਰਿਤ ਕਰਨਾ ਵੀ ਹੈ। ਇੱਕ ਅਨੁਸ਼ਾਸਨ ਨੂੰ ਪਿਆਰ ਕਰਨ ਵਾਲਾ ਵਿਅਕਤੀ ਆਪਣੇ ਕੰਮ ਸਮੇਂ ਸਿਰ ਕਰਦਾ ਹੈ ਅਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦਾ ਹੈ।
ਵਿਦਿਆਰਥੀ ਜੀਵਨ ਵਿੱਚ ਅਨੁਸ਼ਾਸਨ ਦੀ ਵਿਸ਼ੇਸ਼ ਮਹੱਤਤਾ ਹੈ। ਜਿਹੜਾ ਵਿਦਿਆਰਥੀ ਸਮੇਂ ਸਿਰ ਉੱਠਦਾ ਹੈ, ਸਕੂਲ ਜਾਂਦਾ ਹੈ, ਅਧਿਆਪਕਾਂ ਦਾ ਸਤਿਕਾਰ ਕਰਦਾ ਹੈ ਅਤੇ ਨਿਯਮਿਤ ਤੌਰ 'ਤੇ ਪੜ੍ਹਾਈ ਕਰਦਾ ਹੈ, ਉਹ ਆਪਣੇ ਜੀਵਨ ਵਿੱਚ ਸਫ਼ਲ ਹੋਣ ਦੀਆਂ ਸੰਭਾਵਨਾਵਾਂ ਵਧਾ ਲੈਂਦਾ ਹੈ। ਸਕੂਲ ਦੇ ਨਿਯਮਾਂ ਦੀ ਪਾਲਣਾ ਕਰਨ ਨਾਲ ਵਿਦਿਆਰਥੀਆਂ ਵਿੱਚ ਜ਼ਿੰਮੇਵਾਰੀ, ਸਹਿਯੋਗ ਅਤੇ ਸਵੈ-ਨਿਯੰਤਰਣ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਦੇ ਉਲਟ, ਅਨੁਸ਼ਾਸਨਹੀਣਤਾ ਕਾਰਨ ਸਮੇਂ ਦੀ ਬਰਬਾਦੀ ਹੁੰਦੀ ਹੈ ਅਤੇ ਵਿਅਕਤੀ ਆਪਣੀ ਮੰਜ਼ਿਲ ਤੋਂ ਦੂਰ ਹੋ ਸਕਦਾ ਹੈ।
ਅਨੁਸ਼ਾਸਨ ਸਿਰਫ਼ ਸਕੂਲ ਜਾਂ ਘਰ ਤੱਕ ਸੀਮਿਤ ਨਹੀਂ ਹੋਣਾ ਚਾਹੀਦਾ। ਸੜਕ 'ਤੇ ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਨਾ, ਜਨਤਕ ਥਾਵਾਂ ਨੂੰ ਸਾਫ਼ ਰੱਖਣਾ, ਦੂਜਿਆਂ ਦੇ ਅਧਿਕਾਰਾਂ ਦਾ ਸਤਿਕਾਰ ਕਰਨਾ ਅਤੇ ਆਪਣੇ ਕੰਮ ਦੀ ਜ਼ਿੰਮੇਵਾਰੀ ਲੈਣਾ ਵੀ ਅਨੁਸ਼ਾਸਨ ਦਾ ਹੀ ਹਿੱਸਾ ਹੈ। ਜੇਕਰ ਹਰ ਵਿਅਕਤੀ ਆਪਣੇ ਜੀਵਨ ਵਿੱਚ ਅਨੁਸ਼ਾਸਨ ਅਪਣਾਏ ਤਾਂ ਪਰਿਵਾਰ, ਸਕੂਲ ਅਤੇ ਸਮਾਜ ਵਿੱਚ ਸ਼ਾਂਤੀ ਤੇ ਤਰੱਕੀ ਲਿਆਂਦੀ ਜਾ ਸਕਦੀ ਹੈ। ਇਸ ਲਈ ਸਾਨੂੰ ਅਨੁਸ਼ਾਸਨ ਨੂੰ ਆਪਣੇ ਰੋਜ਼ਾਨਾ ਜੀਵਨ ਦਾ ਅਟੁੱਟ ਹਿੱਸਾ ਬਣਾਉਣਾ ਚਾਹੀਦਾ ਹੈ।

ਬਹੁ-ਵਿਕਲਪੀ ਪ੍ਰਸ਼ਨ (MCQs)

1. ਪੈਰ੍ਹੇ ਅਨੁਸਾਰ ਅਨੁਸ਼ਾਸਨ ਕਿਸ ਦਾ ਮਹੱਤਵਪੂਰਨ ਅਧਾਰ ਹੈ?
(ੳ) ਖੇਡਾਂ ਦਾ. (ਅ) ਜੀਵਨ ਦੀ ਸਫ਼ਲਤਾ ਦਾ. (ੲ) ਮਨੋਰੰਜਨ ਦਾ. (ਸ) ਯਾਤਰਾ ਦਾ

2. ਅਨੁਸ਼ਾਸਨ ਦਾ ਅਰਥ ਕੀ ਹੈ?
(ੳ) ਸਿਰਫ਼ ਨਿਯਮ ਯਾਦ ਕਰਨਾ. (ਅ) ਸਿਰਫ਼ ਦੂਜਿਆਂ ਦੀ ਗੱਲ ਮੰਨਣਾ. (ੲ) ਸਮੇਂ, ਕੰਮਾਂ ਅਤੇ ਵਿਹਾਰ ਨੂੰ ਸਹੀ ਢੰਗ ਨਾਲ ਨਿਯੰਤਰਿਤ ਕਰਨਾ. (ਸ) ਹਰ ਕੰਮ ਨੂੰ ਟਾਲਣਾ

3. ਅਨੁਸ਼ਾਸਨ ਨੂੰ ਪਿਆਰ ਕਰਨ ਵਾਲੇ ਵਿਦਿਆਰਥੀ ਦੀ ਕਿਹੜੀ ਆਦਤ ਸਹੀ ਹੈ?
(ੳ) ਉਹ ਆਪਣਾ ਕੰਮ ਟਾਲਦਾ ਰਹਿੰਦਾ ਹੈ। (ਅ) ਉਹ ਸਮੇਂ ਦੀ ਕਦਰ ਕਰਦਾ ਹੈ। (ੲ) ਉਹ ਸਕੂਲ ਦੇ ਨਿਯਮਾਂ ਦੀ ਉਲੰਘਣਾ ਕਰਦਾ ਹੈ। (ਸ) ਉਹ ਪੜ੍ਹਾਈ ਤੋਂ ਬਚਦਾ ਹੈ।

4. ਸਕੂਲ ਦੇ ਨਿਯਮਾਂ ਦੀ ਪਾਲਣਾ ਕਰਨ ਨਾਲ ਵਿਦਿਆਰਥੀਆਂ ਵਿੱਚ ਕੀ ਪੈਦਾ ਹੁੰਦਾ ਹੈ?
(ੳ) ਆਲਸ (ਅ) ਲਾਪਰਵਾਹੀ. (ੲ) ਜ਼ਿੰਮੇਵਾਰੀ ਅਤੇ ਸਵੈ-ਨਿਯੰਤਰਣ. (ਸ) ਡਰ

5. ਹੇਠਾਂ ਦਿੱਤਿਆਂ ਵਿੱਚੋਂ ਕਿਹੜਾ ਕੰਮ ਅਨੁਸ਼ਾਸਨ ਦੀ ਉਦਾਹਰਨ ਹੈ?
(ੳ) ਸੜਕ 'ਤੇ ਨਿਯਮਾਂ ਦੀ ਉਲੰਘਣਾ ਕਰਨਾ. (ਅ) ਕੂੜਾ ਜਨਤਕ ਥਾਂ 'ਤੇ ਸੁੱਟਣਾ. (ੲ) ਆਵਾਜਾਈ ਦੇ ਨਿਯਮਾਂ ਦੀ ਪਾਲਣਾ ਕਰਨਾ. (ਸ) ਕੰਮ ਨੂੰ ਬਿਨਾਂ ਕਾਰਨ ਟਾਲਣਾ

2 **ਡਿੱਠਾ ਪੈਰ੍ਹਾ**

ਇੱਕ ਰੁੱਤ ਆਏ, ਇੱਕ ਰੁੱਤ ਜਾਏ,
ਖੇਲ੍ਹ ਇਹ ਸਾਰਾ ਕੌਣ ਰਚਾਏ।
ਪੈਂਦੀ ਰੁੱਤ ਕਹਿਰ ਦੀ ਸਰਦੀ,

| | | |
|---|---|---|
| | ਠੰਢ 'ਚ ਦੁਨੀਆ ਠੁਰ -ਠੁਰ ਕਰਦੀ।<br>ਉੱਤੇ ਪਰਬਤ ਦੀ ਹਰ ਚੋਟੀ,<br>ਚਿੱਟੀ ਬਰਫ਼ ਨਾਲ ਢਕ ਜਾਏ।<br><br>ਪ੍ਰਸ਼ਨ/ਉੱਤਰ<br><br>1. ਕਾਵਿ-ਟੋਟੇ ਵਿੱਚ ਕਿਸ ਦੀ ਗੱਲ ਕੀਤੀ ਗਈ ਹੈ?<br>ਉੱਤਰ -ਰੁੱਤਾਂ ਦੀ<br><br>2. . ਕਵਿਤਾ ਵਿੱਚ ਕਵੀ ਦਾ ਨਾਂ ਦੱਸੋ ਹੈ?<br>. ਉੱਤਰ - ਸ਼ਮਸ਼ੇਰ ਨਿਰਮਲ<br>.<br>3. ਪਰਬਤਾਂ ਦੀਆਂ ਚੋਟੀਆਂ ਕਿਸ ਨਾਲ ਢੱਕ ਜਾਂਦੀਆਂ ਹਨ?<br>. ਉੱਤਰ -ਬਰਫ਼ ਨਾਲ<br><br>4. 'ਠੁਰ -ਠੁਰ ' ਸ਼ਬਦ ਦਾ ਕੀ ਅਰਥ ਹੈ?<br>. ਉੱਤਰ -ਠੰਡ ਨਾਲ ਕੰਬਣਾ<br><br>5. 'ਜਾਏ ' ਦਾ ਲੈਆਤਮਕ ਸ਼ਬਦ ਲਿਖੋ?<br>. ਉੱਤਰ -ਰਚਾਏ | |
| 3 | ਹੇਠਾਂ ਦਿੱਤੀ ਤਸਵੀਰ ਦਾ ਵਰਣਨ ਕਰੋ ਤੇ ਢੁਕਵਾਂ ਸਿਰਲੇਖ ਵੀ ਲਿੱਖੋ<br>ਉੱਤਰ -According to pattern<br> | |
| 4 | **ਵਿਆਕਰਨ**<br>1. 'ਜੋ ਗੱਲ ਵਧਾ -ਚੜ੍ਹਾ ਕੇ ਕੀਤੀ ਜਾਵੇ।'ਵਾਕ ਲਈ ਇੱਕ ਵਾਕ ਚੁਣੋ?<br>ੳ. ਅਤਿਕਥਨੀ ਅ. ਗੱਪ ੲ. ਗਾਲੜ ਸ. ਦੰਦ ਕਥਾ<br>2. 'ਦੇਸ ਲਈ ਜਾਨ ਦੇਣ ਵਾਲਾ 'ਵਾਕ ਲਈ ਇੱਕ ਵਾਕ ਚੁਣੋ?<br>ੳ. ਦੇਸ਼ -ਭਗਤ ਅ. ਸ਼ਹੀਦ ੲ. ਦੇਸ਼-ਰੱਖਿਅਕ. ਸ. ਦੇਸ ਧ੍ਰੋਹੀ<br>3. ਪ੍ਰੀਤ ਨੇ ਹਰ ਕੰਮ **ਦਰੁਸਤ** ਕਰ ਦਿੱਤਾ ਸੀ , **ਦਰੁਸਤ** ਦਾ ਸਹੀ ਅਰਥ ਚੁਣੋ?<br>ੳ. ਸ਼ੁੱਧ ਅ. ਅਰੰਭ ੲ. ਸਮਝ ਸ. ਨੇਕੀ<br>4. **ਅੱਧਾ** ਦਾ ਵਿਰੋਧੀ ਸ਼ਬਦ ਚੁਣੋ? | |

| | | |
|---|---|---|
| | ੳ. ਅਧੂ ਅ. ਅਧੂਰਾ ੲ. ਪੂਰਾ ਸ. ਪੂਰਨ<br>5. **ਪਿਆਲਾ** ਦਾ ਸਹੀ ਵਚਨ ਚੁਣੋ?<br>ੳ. ਪਿਆਲੇ ਅ. ਪੀਆਲੇ ੲ. ਪਿਆਲਾਂ ਸ. ਪਿਆਲੂ<br>. 6. ਸਹੀ ਸ਼ਬਦ ਜੋੜ ਚੁਣੋ?<br>. ੳ. ਬਾਹਿਰ ਅ. ਬਹਿਰ ੲ. ਬਾਹਰ ਸ. ਬਾਹਾਰ | |
| 5 | **ਛੋਟੇ ਪ੍ਰਸ਼ਨ- ਉੱਤਰ**<br>ੳ. ਜੋਤੀ ਤੇ ਮੋਹਿਤ ਕਿਉਂ ਖੁਸ਼ ਸਨ ?<br>ਉੱਤਰ - ਪਿੰਡ ਜਾਣ ਕਰਕੇ<br>ਅ. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਵਿਦਾਸ ਜੀ ਦੇ ਕਿੰਨੇ ਪਦੇ ਦਰਜ ਹਨ ?<br>. ਉੱਤਰ - 40 ਪਦੇ<br>ੲ. ਚਿੜੀ ਦਾ ਬੋਟ ਵਿੱਚ ਮਾਸਟਰ ਜੀ ਨੂੰ ਕਿਸ ਨੇ ਗਲਤ ਸ਼ਿਕਾਇਤ ਲਗਾਈ ?<br>. ਉੱਤਰ - ਮਾਨੀਟਰ ਨੇ<br>ਸ. ਮੋਰ ਕਿਹੜੀ ਰੁੱਤ ਵਿੱਚ ਖੰਭ ਫੈਲਾਉਂਦਾ ਹੈ ?<br>. ਉੱਤਰ - ਸਾਉਣ ਰੁੱਤ<br>ਹ. ਪੰਜਾਬ ਦੀ ਮਿੱਟੀ ਘਰ -ਘਰ ਜਾਕੇ ਕੀ ਲਗਾਉਂਦੀ ਹੈ ?<br>. ਉੱਤਰ - ਪਿਆਰ ਦਾ ਬੂਟਾ | |
| 6. | **ਵੱਡੇ ਪ੍ਰਸ਼ਨ ਉੱਤਰ-**<br><br>ੳ. ਗੁਰੂ ਰਵਿਦਾਸ ਜੀ ਨੇ ਕੀ ਉਪਦੇਸ਼ ਦਿੱਤਾ ?<br>According to pattern<br>ਅ. ਮਾਸਟਰ ਜੀ ਦੀ ਕਿਹੜੀ ਚੀਜ਼ ਟੁੱਟ ਗਈ ਤੇ ਉਹਨਾਂ ਨੇ ਕੀ ਕੀਤਾ ?<br>According to pattern | |
| 7. | **ਅਭਿਆਸੀ ਕਾਰਜ**<br>. 1.ਸ਼ਬਦ ਅਰਥ- ਬੋਟ , ਹੰਕਾਰ<br>. ਬੋਟ - ਚਿੜੀ ਦਾ ਬੱਚਾ,<br>. ਹੰਕਾਰ -ਘਮੰਡ<br>2.ਵਾਕ ਬਣਾਓ-ਪ੍ਰਦਰਸ਼ਨੀ , ਪ੍ਰਮਾਤਮਾ<br>. According to pattern<br>. 3.ਖਾਲੀ ਥਾਵਾਂ ਭਰੋ-A ਸਭ ਨੂੰ ਖੁਸ਼ੀ ਹੋਈ ਕਿ ਅਸੀ ਚੰਗਾ ਕੰਮ ਕੀਤਾ ਹੈ।<br>4.ਅੰਗਰੇਜ਼ੀ ਵਿੱਚ ਲਿੱਖੋ - ਵਿਸ਼ਵਾਸ਼ -faith<br>5. ਸ਼ੁੱਧ ਕਰਕੇ ਲਿੱਖੋ - ਫ਼ਤੇਹ(ਫ਼ਤਿਹ), ਮੰਜਲ( ਮੰਜ਼ਲ ) | |